ੴ ਸਤਿਗੁਰ ਪ੍ਰਸਾਦਿ

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਟ੍ਰੈਕਟ ਨੰ : 23

ਸ੍ਰੀ ਗੁਰੂ ਅਰਜਨ ਦੇਵ ਜੀ ਦੀ

# ਸ਼ਹੀਦੀ ਵਾਰਤਾ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਜੂਨ | ਸੰਮਤ ਖਾਲਸਾ | ਦਸਵੀਂ ਵਾਰ |
|---|---|---|
| ੧੯੯੭ | ੨੯੮ | ੧੫੦੦੦ |

ਆਪ ਪੜ੍ਹਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ।

# ਸੂਚਨਾ

1. ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਚਾਰਨ ਕੀਤੇ 'ਜਾਪੁ' ਸਾਹਿਬ ਵਿਚ ਉਰਦੂ ਫਾਰਸੀ ਆਦਿ ਕਈ ਬੋਲੀਆਂ ਦੇ ਸ਼ਬਦ ਹੋਣ ਕਾਰਨ ਪਾਠ ਕਰਨ ਵਿਚ ਆਮ ਸੰਗਤਾਂ ਨੂੰ ਔਖਿਆਈ ਪ੍ਰਤੀਤ ਹੁੰਦੀ ਹੈ। ਇਸ ਔਖਿਆਈ ਨੂੰ ਧਿਆਨ ਵਿਚ ਰਖਦਿਆਂ ਇਸ ਬਾਣੀ ਦਾ ਗੁਟਕਾ ਸੰਖੇਪ ਅਰਥਾਂ ਸਹਿਤ ਵਧੀਆ ਕਾਗਜ਼ ਉਤੇ ਸੁੰਦਰ ਛਪਾਈ ਨਾਲ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਪਾਠ ਕਰਦਿਆਂ-ਕਰਦਿਆਂ ਕਿਸੇ ਸ਼ਬਦ ਦੇ ਅਰਥ ਦੇਖਣ ਦੀ ਜੇ ਲੋੜ ਪਵੇ ਤਾਂ ਉਹ ਨਾਲ ਦੀ ਨਾਲ ਝਟ ਵੇਖੇ ਜਾ ਸਕਣ। ਭੇਟਾ ਕੇਵਲ 5/-
2. ਹਰ ਗੁਰਸਿਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਪ੍ਰਚਾਰ ਹਿਤ ਅੱਧਾ ਮੁਲ................. 10/-
3. ਸਿਖ ਰਹਿਤ ਮਰਿਯਾਦਾ (ਸ਼੍ਰੋਮਣੀ ਕਮੇਟੀ ਦੀ ਛਪੀ ਦੀ ਇਨ ਬਿਨ ਨਕਲ) = 1/50
4. ਉਪ੍ਰੋਕਤ ਪੁਸਤਕਾਂ ਅਤੇ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਪ੍ਰਚਾਰ ਹਿਤ ਵੰਡਣ ਲਈ 40/- ਸੈਂਕੜਾ (ਡਾਕ ਖ਼ਰਚ ਸਮੇਤ) ਮੰਗਵਾਉਣ ਲਈ ਸ: ਦੀਦਾਰ ਸਿੰਘ C-125 ਵਿਕਾਸ ਕਾਲੋਨੀ ਪਟਿਆਲਾ 147001 ਨੂੰ ਭੇਟਾ ਭੇਜ ਕੇ ਮੰਗਵਾ ਸਕਦੇ ਹੋ।
5. **ਇਹ ਅਤੇ ਇਸ ਤਰਾਂ ਦੇ ਹੋਰ ਛਪਣ ਵਾਲੇ ਟ੍ਰੈਕਟ ਫਰੀ ਵੰਡਣ ਦੀ ਸੇਵਾ ਕਰਨ ਦੇ ਇਛੁਕ ਸੰਪਰਕ ਕਰਨ :-**

**S. Santokh Singh WZ- 38C/IA**
**Mansarover Garden New Delhi- 15**
**Phone 5435780**

AZAD AWAZ PRINTERS PATIALA Ph. 214815

# ਸ਼ਹੀਦੀ ਵਾਰਤਾ

## ਗੁਰੂ ਅਰਜਨ ਦੇਵ ਜੀ ਦੀ

ਭਾ: ਕੇਸਰ ਸਿੰਘ ਜੀ ਮਹਾਨ ਸ਼ਹੀਦ ਭਾਈ ਮਤੀਦਾਸ ਜੀ ਦੇ ਦੋਹਤੇ ਸਨ । ਪਾਠਕਾਂ ਨੂੰ ਯਾਦ ਹੋਵੇਗਾ ਕਿ ਭਾਈ ਮਤੀ ਦਾਸ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਰੇ ਨਾਲ ਇਸ ਲਈ ਚੀਰ ਕੇ ਦੋ-ਫਾੜ ਕੀਤਾ ਗਿਆ ਸੀ. ਕਿਉਂਕਿ ਉਨ੍ਹਾਂ ਨੇ ਸਿੱਖੀ ਨੂੰ ਛੱਡਨਾ ਪਰਵਾਨ ਨਹੀਂ ਸੀ ਕੀਤਾ !

ਭਾਈ ਮਤੀ ਦਾਸ ਜੀ ਭਾ: ਧਰਮ ਚੰਦ ਜੀ ਦੇ ਦੋਹਤੇ ਸਨ । ਭਾ: ਧਰਮ ਚੰਦ ਜੀ ਅਠਵੇਂ ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦੇ ਦੀਵਾਨ ਸਨ ਜੋ ਗੁਰੂ ਦਰਬਾਰ ਦਾ ਸਾਰਾ ਹਿਸਾਬ ਕਿਤਾਬ ਰਖਿਆ ਕਰਦੇ ਸਨ । ਇਨ੍ਹਾਂ ਦੀ ਲਿਖੀ 'ਬੰਸਾਵਲੀ' ਦੇ ਪੰਨਾ 139-41 ਦੇ ਆਧਾਰ ਉਤੇ ਹੀ ਭਾ: ਕੇਸਰ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਹਾਲ ਵਰਣਨ ਕਰਦਿਆਂ ਲਿਖਿਆ ਹੈ ਕਿ ਗੁਰੂ ਸਾਹਿਬ ਨੂੰ ਪਹਿਲਾਂ ਕਈ ਦਿਨ ਭੁਖੇ ਰਖ ਕੇ ਉਬਲਦੀ ਦੇਗ ਵਿਚ ਉਬਾਲਿਆ ਗਿਆ ਅਤੇ ਫਿਰ ਤੱਤੀ ਤਵੀ ਉਤੇ ਬਿਠਾ ਕੇ ਗਰਮ ਰੇਤ ਦੇ ਕੜਛੇ ਸੀਸ ਉਤੇ ਪਾਏ ਗਏ ਜਿਸ ਨਾਲ ਮਹਾਰਾਜ ਦਾ ਸਰੀਰ ਛਾਲੇ ਛਾਲੇ ਹੋ ਗਿਆ ।

ਲਗਾਤਾਰ ਕਈ ਦਿਨਾਂ ਦੀਆਂ ਤਕਲੀਫਾਂ ਨੂੰ ਸਹਾਰਦੇ

ਹੋਏ ਮਹਾਰਾਜ ਜ਼ਰਾ ਵੀ ਨਾ ਡੋਲੇ ਅਤੇ ਨਾ ਹੀ ''ਹਾਇ'' ਕੀਤੀ, ਸਗੋਂ ਪ੍ਰਭੂ ਦੇ ਭਾਣੇ ਨੂੰ ਮਿਠਾ ਕਰਕੇ ਮੰਨਿਆ ਅਤੇ ''ਤੇਰਾ ਕੀਆ ਮੀਠਾ ਲਾਗੈ'' ਦਾ ਪਰਤੱਖ ਨਮੂਨਾ ਪੇਸ਼ ਕੀਤਾ ।

ਦੋਖੀਆਂ ਨੂੰ ਜਦ ਹਾਲਾਂ ਵੀ ਆਪਣਾ ਮੰਤਵ ਪੂਰਾ ਹੁੰਦਾ ਨਾ ਦਿਸਿਆ ਤਾਂ ਉਹ ਹੋਰ ਚਿੜ੍ਹ ਗਏ । ਉਨ੍ਹਾਂ ਨੇ ਗੁਰੂ ਜੀ ਨੂੰ ਬੰਨ੍ਹ ਕੇ ਦਰਿਆ ਰਾਵੀ ਦੇ ਕੰਢੇ ਪਏ ਹੋਏ ਬਰੇਤੇ ਉਪਰ ਸੁਟਿਆ ਅਤੇ ਸੰਗ ਸਾਰ (ਪੱਥਰ ਮਾਰ ਮਾਰ ਕੇ ਮਾਰਨਾ) ਸ਼ੁਰੂ ਕੀਤਾ । ਕਿਉਂਕਿ ਹੋਰ ਤਰੀਕੇ ਨਾਲ ਮਾਰਨ ਤੋਂ ਗੁਰੂ ਸਾਹਿਬ ਦੇ ਸਰੀਰ ਵਿਚੋਂ ਖ਼ੂਨ ਨਿਕਲਣਾ ਸੀ ਜਿਸ ਨਾਲ ਜਹਾਂਗੀਰ ਦੇ ਹੁਕਮ ''ਯਾਸਾ-ਵਾ-ਸਿਆਸਤ'' ਦੀ ਵਿਰੋਧਤਾ ਹੋ ਜਾਣੀ ਸੀ ।

ਪੱਥਰ ਮਾਰਦਿਆਂ ਜਦ ਕੋਈ ਨੋਕਦਾਰ ਪੱਥਰ ਗੁਰੂ ਸਾਹਿਬ ਦੀ ਇਕ ਅੱਖ ਦੇ ਭਰਵੱਟੇ ਦੇ ਉਪਰ ਲੱਗਾ ਤਾਂ ਫੁਲਿਆ ਹੋਇਆ ਛਾਲਾ ਫਿੱਸ ਕੇ ਵੱਗਣ ਲਗ ਪਿਆ । ਉਸ ਵਿਚੋਂ ਖ਼ੂਨ ਦੇ ਵਗਣ ਦੇ ਡਰ ਤੋਂ, ਕਿ ਕਿਧਰੇ ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਨਾ ਲਗ ਜਾਏ, ਉਨ੍ਹਾਂ ਨੇ ਗੁਰੂ ਜੀ ਨੂੰ ਬੱਧੇ ਹੋਇਆਂ ਹੀ ਵਗਦੇ ਦਰਿਆ ਰਾਵੀ ਵਿਚ ਸੁੱਟ ਦਿਤਾ । ਪਥਰ ਲਗਣ ਨਾਲ ਗੁਰੂ ਸਾਹਿਬ ਦੀ ਆਤਮਾ ਸਰੀਰ ਵਿਚੋਂ ਨਿਕਲ ਕੇ ਪਰਮ ਆਤਮਾ (ਪ੍ਰਭੂ) ਵਿਚ ਇਸ ਤਰ੍ਹਾਂ ਲੀਨ ਹੋ ਗਈ ਜਿਵੇਂ :–

*ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ ॥*
*ਜੋਤਿ ਜੋਤਿ ਰਲੀ, ਸੰਪੂਰਨੁ ਥੀਆ ਰਾਮ ॥*

ਇਸ ਦਰਦ ਭਰੀ ਅਤੇ ਰੋਂਗਟੇ ਖੜੇ ਕਰਨ ਵਾਲੀ ਘਟਨਾ ਨੂੰ ਭਾ: ਕੇਸਰ ਸਿੰਘ ਜੀ ਛਿੱਬਰ ਨੇ ਇਸ ਤਰ੍ਹਾਂ ਲਿਖਿਆ ਹੈ :–

ਓੜਕ ਬੰਧ ਕੇ ਬਰੇਤੀ ਵਿਚ ਸੁਟਾਏ ।
ਜੇਠ ਮਾਸ ਦੀ ਧੁਪ ਵਿਚ ਪਿੰਡਾ ਸੜਵਾਏ ।
ਇਕਸੁ ਮੁਗਲੇ ਕਾਫ਼ਰ ਨੇ ਮੰਦਾ ਅਲਾਈ ।
ਸੋ ਭਰਵੱਟੇ ਉਪਰ ਚੋਟ ਆਏ ਲਗੀ ।
ਚਲਿਆ ਲਹੂ ਧਾਰਾ ਵਗੀ ।
ਤਿਸ ਚੋਟ ਕਰ ਛੁਟੀ ਦੇਹ ।
ਪਈ ਸਿਰ ਦੁਸ਼ਟਾਂ ਦੇ ਖੇਹ ।
ਡਰਦਾ ਹਿੰਦੂ ਪਾਸ ਨਾ ਕੋਈ ਜਾਏ ।
ਬਧੇ ਹੋਇ ਹੀ ਦਿਤੇ ਨਦੀ ਰੁੜਾਏ ।
ਸੋਲ੍ਹਾਂ ਸੌ ਤ੍ਰੇਹਟ ਜੇਠ ਮਹੀਨੇ ।
ਚੌਨੇ ਚਾਨਣੀ ਚੋਥ ਜਲ ਵਗਾਏ ਦੀਨੇ ।.....

## ਯਾਸ–ਵਾ–ਸਿਆਸਤ

ਬਾਦਸ਼ਾਹ ਜਹਾਂਗੀਰ ਨੇ ਆਪਣੀ ਲਿਖੀ ਪੁਸਤਕ 'ਤੁਜ਼ਕਿ-ਜਹਾਂਗੀਰੀ' ਵਿਚ ਗੁਰੂ ਸਾਹਿਬ ਉਤੇ ਝੂਠੇ ਦੋਸ਼ ਲਗਾ ਕੇ ਉਨ੍ਹਾਂ ਨੂੰ ਯਾਸਾ-ਵਾ-ਸਿਆਸਤ ਦਾ ਸਖਤ ਦੰਡ ਦੇ ਕੇ ਖਤਮ ਕਰਨ ਦਾ ਹੁਕਮ ਲਿਖਿਆ ਹੈ । ਇਸ ਦੰਡ ਨਾਲ ਖਤਮ ਕਰਨ ਦਾ ਮਤਲਬ ਇਹ ਹੈ ਕਿ ਦੋਸ਼ੀ ਨੂੰ ਇਸ ਤਰੀਕੇ ਨਾਲ

ਕਸ਼ਟ ਦੇ ਕੇ ਮਾਰਿਆ ਜਾਏ ਤਾਂ ਜੁ ਉਸਦੇ ਸਰੀਰ ਵਿਚੋਂ ਕੋਈ ਵੀ ਖ਼ੂਨ ਦਾ ਕਤਰਾ (ਤੁਪਕਾ) ਨਾ ਨਿਕਲੇ ।

ਮੁਸਲਮਾਨਾਂ ਦੇ ਰਾਜ ਸਮੇਂ ਬੜੇ ਬੜੇ ਮਹਾਨ-ਪੁਰਸ਼ਾਂ ਸੰਤ-ਫਕੀਰਾਂ ਨੂੰ ਇਸੇ ਦੰਡ ਨਾਲ ਹੀ ਖਤਮ ਕੀਤਾ ਜਾਂਦਾ ਸੀ । ਕਿਉਂਕਿ ਮੁਸਲਮਨਾਂ ਦਾ ਵਿਚਾਰ ਸੀ ਕਿ ਜੇ ਕਿਸੇ ਮਹਾਨ ਧਾਰਮਕ ਵਿਅਕਤੀ ਨੂੰ ਖਤਮ ਕਰਦਿਆਂ ਹੋਇਆਂ ਉਸ ਦੇ ਸਰੀਰ ਵਿਚੋਂ ਜੇ ਲਹੂ ਨਿਕਲ ਜਾਏ ਤਾਂ ਉਸ ਮਹਾਨ ਪੁਰਸ਼ ਦੀ ਰੂਹ, ਦੰਡ ਦੇਣ ਵਾਲਿਆਂ ਨੂੰ ਤੰਗ ਕਰਦੀ ਰਹਿੰਦੀ ਹੈ ।

ਦੂਜਾ ਖਿਆਲ ਉਨ੍ਹਾਂ ਦਾ ਇਹ ਵੀ ਹੈ ਕਿ ਸ਼ਹੀਦ ਦੇ ਖ਼ੂਨ ਡੁਲ੍ਹਣ ਨਾਲ ਕਈ ਹੋਰ ਸ਼ਹੀਦ ਪੈਦਾ ਹੋ ਜਾਂਦੇ ਹਨ । ਇਸੇ ਕਾਰਨ ਗੁਰੂ ਸਾਹਿਬ ਨੂੰ ਇਸ ਦੰਡ (ਯਾਸਾ-ਵ-ਸਿਆਸਤ) ਨਾਲ ਖਤਮ ਕਰਨ ਦਾ ਹੁਕਮ ਦਿਤਾ ਗਿਆ ਸੀ ।

**ਜਹਾਂਗੀਰ ਨੇ ਇਹ ਹੁਕਮ ਕਿਉਂ ਦਿਤਾ ?**

(1) ਅਕਬਰ ਨੇ ਪਹਿਲੀ ਵਾਰ ਹਿੰਦੂਆਂ ਨਾਲ ਵਿਤਕਰਾ ਘਟਾ ਕੇ ਉਨ੍ਹਾਂ ਨੂੰ ਵੀ ਮੁਸਲਮਾਨਾਂ ਦੀ ਤਰ੍ਹਾਂ ਸਮਾਜ ਬਣਤਰ ਵਿਚ ਅਤੇ ਰਾਜ-ਬਣਤਰ ਵਿਚ ਕੁਝ ਥੋਹੜਾ ਜਿਹਾ ਹਿੱਸਾ ਦਿਤਾ । ਪਹਿਲਾਂ ਹੋ ਚੁਕੇ ਮੁਸਲਮਾਨ ਰਾਜਿਆਂ ਵਲੋਂ ਹਿੰਦੂਆਂ ਉਤੇ ਲਗਾਇਆ ਜਜ਼ੀਆ (ਟੈਕਸ) ਆਦਿ ਵੀ ਉਸਨੇ ਬੰਦ (ਮਾਫ) ਕਰ ਦਿਤਾ, ਜਿਸ ਕਰਕੇ ਹਿੰਦੂ ਖੁਸ਼ ਸਨ । ਪਰ ਮੁਸਲਮਾਨ ਇਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਰਾਜ ਵਿਚ ਹਿੰਦੂ ਧਰਮ ਵਧੇ ਫੁਲੇ ਜਾਂ ਹਿੰਦੂਆਂ ਨੂੰ ਵੀ ਸੁਖ ਦਾ ਸਾਹ ਮਿਲੇ । ਇਸੇ ਲਈ ਬਹੁਤੇ ਮੁਸਲਮਾਨ ਅਕਬਰ ਨਾਲ ਅੰਦਰ ਨਾਰਾਜ਼ ਸਨ ।

(2) ਅਕਬਰ ਆਪਣੇ ਮਗਰੋਂ ਆਪਣੇ ਪੁਤਰ ਜਹਾਂਗੀਰ ਦੀ ਥਾਂ ਪੋਤੇ 'ਖੁਸਰੋ' ਨੂੰ ਰਾਜ ਗੱਦੀ ਤੇ ਬਿਠਾਉਣਾ ਚਾਹੁੰਦਾ ਸੀ, ਕਿਉਂਕਿ ਜਹਾਂਗੀਰ ਦੀਆਂ ਸ਼ਰਾਬ ਬਹੁਤ ਪੀਣਾ ਅਤੇ ਹੋਰ ਗਲਤ ਆਦਤਾਂ ਅਕਬਰ ਨੂੰ ਪਸੰਦ ਨਹੀਂ ਸਨ । ਇਸੇ ਲਈ ਜਹਾਂਗੀਰ ਰਾਜ ਦੀ ਪ੍ਰਾਪਤੀ ਲਈ ਹੋਰ ਯਤਨਾਂ ਦੇ ਨਾਲ ਨਾਲ ਉਨ੍ਹਾਂ ਲੋਕਾਂ ਨਾਲ ਸੁਰ-ਤਾਲ ਮੇਲ ਕੇ ਰਖਦਾ ਸੀ ਜੋ ਅੰਦਰੋ ਅੰਦਰੀ ਅਕਬਰ ਦੀ ਧਰਮ ਨੀਤੀ ਕਰਕੇ ਉਸਦੇ ਵਿਰੋਧੀ ਸਨ । ਵਿਰੋਧੀ ਲੋਕਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਉਸਨੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਪ੍ਰਣ ਵੀ ਕਰ ਲਿਆ ਸੀ ਕਿ ਉਹ ਰਾਜ ਗਦੀ ਤੇ ਬੈਠ ਕੇ ਹਿੰਦੂਆਂ ਨੂੰ ਮੁਸਲਮਾਨਾਂ ਵਰਗੀ ਖੁਲ੍ਹ ਨਹੀਂ ਦੇਵੇਗਾ ਅਤੇ ਮੁਸਲਮਾਨੀ ਧਰਮ ਦਾ ਪ੍ਰਚਾਰ ਹਰ ਤਰ੍ਹਾਂ ਕਰੇਗਾ—ਆਦਿ

(3) ਅਕਬਰ ਦੇ ਰਾਜ ਦਰਬਾਰੀਆਂ ਵਿਚੋਂ ਸ਼ੇਖ ਫਰੀਦ ਬੁਖ਼ਾਰੀ ਚੰਗਾ ਪ੍ਰਭਾਵਸ਼ਾਲੀ ਦਰਬਾਰੀ ਸੀ, ਜਿਸ ਨੇ ਜਹਾਂਗੀਰ ਨੂੰ ਰਾਜ ਗੱਦੀ ਦਿਵਾਉਣ ਮਗਰੋਂ ਉਸ ਦੇ ਰਾਜ ਨੂੰ ਕਾਇਮ ਰੱਖਣ ਲਈ ਬਹੁਤ ਕੁਝ ਕੀਤਾ ਸੀ । ਇਸੇ ਕਾਰਨ ਉਹ ਜਹਾਂਗੀਰ ਦੇ ਬਹੁਤ ਨੇੜੇ ਹੋ ਗਿਆ ਸੀ ।

ਇਸ ਸ਼ੇਖ ਬੁਖਾਰੀ ਉਤੇ ਮੁਸਲਮਾਨਾ ਦੇ 'ਨਕਸ਼ਬੰਦੀ' ਫਿਰਕੇ ਦੇ ਆਗੂ ਅਹਿਮਦ ਸਰਹੰਦੀ ਦਾ ਪ੍ਰਭਾਵ (ਅਸਰ) ਸੀ । ਸ਼ੇਖ ਅਹਿਮਦ ਸਰਹੰਦੀ ਜਿਥੇ ਕੱਟੜ ਫਿਰਕਾ ਪ੍ਰਸਤ ਅਤੇ ਤੰਗ ਦਿਲ ਸੀ ਉਥੇ ਉਹ ਹਰ ਉਸ ਮਨੁੱਖ ਅਤੇ ਹਰ ਉਸ ਧਰਮ ਦਾ ਕੱਟੜ ਵਿਰੋਧੀ ਹੀ ਨਹੀਂ ਸੀ, ਸਗੋਂ ਉਸਨੂੰ ਖਤਮ ਕਰਨ ਕਰਾਉਣ ਦਾ ਹਰ ਯਤਨ ਵੀ ਕਰਦਾ ਰਹਿੰਦਾ ਸੀ, ਜਿਸ ਨਾਲ ਮੁਸਲਮਾਨੀ ਧਰਮ ਨੂੰ ਵਧਣ ਫੁਲਣ ਵਿਚ

ਉਹ ਰੁਕਾਵਟ ਸਮਝਦਾ ਹੋਵੇ । ਸੋ ਇਹ ਸ਼ੇਖ ਅਹਿਮਦ ਸਰਹੰਦੀ ਆਪਣੇ ਸੇਵਕ, ਸ਼ੇਖ ਫਰੀਦ ਬੁਖਾਰੀ ਰਾਹੀਂ ਜਹਾਂਗੀਰ ਦੇ ਕੰਨ ਹਿੰਦੂਆਂ ਅਤੇ ਸਿਖਾਂ ਵਿਰੁਧ ਭਰਦਾ ਰਹਿੰਦਾ ਸੀ । ਉਸ ਦੀਆਂ ਲਿਖੀਆਂ ਚਿਠੀਆਂ ਦਾ ਸੰਗ੍ਰਹਿ "ਮਕਤੂਬਾਤਿ-ਇਮਾਮ-ਰਬਾਨੀ" ਤੋਂ ਹਿੰਦੂ ਸਿਖਾਂ ਵਿਰੁਧ ਜ਼ਹਿਰ ਕੁਟ ਕੁਟ ਕੇ ਭਰਿਆ ਮਿਲਦਾ ਹੈ । ਚਿਠੀ ਦਾ ਇਕ ਨਮੂਨਾ ਵੇਖੋ :-

"ਕਾਫਰਾਂ ਨੂੰ ਆਪਣੀ ਸਭਾ ਸੁਸਾਇਟੀ ਵਿਚ ਸ਼ਾਮਲ ਕਰਨਾ, ਆਪਣੇ ਨਾਲ ਬਿਠਾਉਣਾ 'ਤੇ ਇਨ੍ਹਾਂ ਨਾਲ ਗਲ ਬਾਤ ਕਰਨਾ ਭੀ ਇਕ ਤਰ੍ਹਾਂ ਇਹਨਾਂ ਦੀ ਇਜ਼ਤ ਕਰਨ ਦੇ ਤੁਲ ਹੈ, ਜੋ ਨਹੀਂ ਹੋਣੀ ਚਾਹੀਦੀ । ਸੱਚ ਤਾਂ ਇਹ ਹੈ ਕਿ ਇਨ੍ਹਾਂ ਹਿੰਦੂਆਂ ਨੂੰ ਕੁਤਿਆਂ ਦੀ ਤਰ੍ਹਾਂ ਦੂਰੇ ਦੂਰੇ ਕਰਨੀ ਚਾਹੀਦੀ ਹੈ"....ਆਦਿ ।

(4) ਸਿਖ ਧਰਮ ਦੇ ਅਸੂਲ ਬੜੇ ਸਿਧੇ ਸਾਦੇ, ਸਾਫ-ਸਪਸ਼ਟ ਅਤੇ ਦਿਲ ਖਿਚਵੇਂ ਹੋਣ ਕਾਰਨ ਇਨ੍ਹਾਂ ਦਾ ਅਸਰ ਹਿੰਦੂ ਮੁਸਲਮਾਨ ਦੋਹਾਂ ਉਤੇ ਚੰਗਾ ਪੈ ਰਿਹਾ ਸੀ । ਇਸ ਦੇ ਨਾਲ ਗੁਰੂ ਸਾਹਿਬਾਂ ਦੇ ਮਿਠਾਸ ਭਰੇ ਬੋਲ, ਸਿਮਰਨ, ਸੇਵਾ ਤੇ ਉਪਕਾਰ ਦੀਆਂ ਉਦਾਹਰਨਾਂ (ਮਿਸਾਲਾਂ) ਸੋਨੇ ਉਤੇ ਸੁਹਾਗੇ ਦਾ ਕੰਮ ਕਰ ਰਹੀਆਂ ਸਨ । ਜਿਸ ਕਰਕੇ ਹਜ਼ਾਰਾਂ ਹਿੰਦੂ ਅਤੇ ਮੁਸਲਮਾਨ ਦਿਨੋ ਦਿਨ ਸਿੱਖ ਬਣ ਰਹੇ ਸਨ ਜਿਸ ਨੂੰ ਵੇਖ ਕੇ ਸ਼ੇਖ ਅਹਿਮਦ ਅੰਦਰੋਂ ਅੰਦਰੀ ਬੜਾ ਔਖਾ ਤੇ ਦੁਖੀ ਹੋ ਰਿਹਾ ਸੀ ।

(5) ਜਦ ਤੋਂ ਗੁਰੂ ਪੰਚਮ ਪਾਤਸ਼ਾਹ ਨੇ ਤਰਨ ਤਾਰਨ ਸਾਹਿਬ ਹੈਡ ਕੁਆਰਟਰ ਬਣਾ ਕੇ ਸਿੱਖੀ ਦਾ ਪ੍ਰਚਾਰ ਕਰਨਾ

ਸ਼ੁਰੂ ਕੀਤਾ ਸੀ ਉਦੋਂ ਤੋਂ ਉਸ ਦੇ ਥੋੜੇ ਨੇੜੇ ਕੁਝ ਮੀਲਾਂ ਦੇ ਫਾਸਲੇ ਉਤੇ 'ਸਖੀ ਸਰਵਰ' ਦੀ ਗੱਦੀ ਦਾ ਮੁਸਲਮਾਨੀ ਪ੍ਰਚਾਰ ਲੰਗੜਾ ਹੋ ਗਿਆ ਸੀ, ਇਸ ਗਲੋਂ ਵੀ ਮੁਸਲਮਾਨ ਬੜੇ ਦੁਖੀ ਸਨ ।

(6) ਉਨ੍ਹਾਂ ਦਿਨਾਂ ਵਿਚ ਅਰਥਾਤ 1597 ਵਿਚ ਜਦ ਪੰਜਾਬ ਵਿਚ ਬਹੁਤ ਵੱਡਾ ਕਾਲ ਪਿਆ ਤਾਂ ਹਜ਼ਾਰਾਂ ਲੋਕ ਭੁਖ ਨਾਲ ਮਰਨ ਲਗੇ । ਮੁਰਦਿਆਂ ਦੀ ਸੰਭਾਲ ਨਾ ਹੋਣ ਕਾਰਨ ਉਸ ਸਮੇਂ ਦਾ ਇਤਿਹਾਸਕਾਰ "ਨੂਰੁਲ-ਹੱਕ" ਲਿਖਦਾ ਹੈ ਕਿ ਲਾਹੌਰ ਦੇ ਗਲੀਆਂ ਬਾਜ਼ਾਰ ਮੁਰਦਿਆਂ ਨਾਲ ਭਰ ਗਏ । ਬਦਬੂ ਇਤਨੀ ਜ਼ਿਆਦਾ ਹੋ ਗਈ ਜਿਸ ਨਾਲ ਕਈ ਬਿਮਾਰੀਆਂ ਪੈਦਾ ਹੋ ਗਈਆਂ ਅਤੇ ਮੌਤਾਂ ਦੀ ਗਿਣਤੀ ਹੋਰ ਵੱਧਣ ਕਾਰਨ ਸਭ ਪਾਸੇ ਹਾਹਾਕਾਰ ਮਚ ਗਈ । ਉਸ ਵੇਲੇ ਪੰਚਮ ਗੁਰੂ 8 ਮਹੀਨਿਆਂ ਤੋਂ ਵਧ ਸਮਾਂ ਲਾਹੌਰ ਵਿਚ ਰਹੇ ਅਤੇ ਦੁਖੀਆਂ ਦੀ ਬਿਨਾਂ ਪੱਖ-ਪਾਤ ਦੇ ਦਵਾ-ਦਾਰੂ ਅਤੇ ਖੁਰਾਕ (ਲੰਗਰ) ਦਾ ਪ੍ਰਬੰਧ ਇਤਨਾਂ ਚੰਗਾ ਕੀਤਾ ਕਿ ਉਨ੍ਹਾਂ ਦਾ ਹਰਮਨ ਪਿਆਰਾ ਹੋਣਾ ਕੁਦਰਤੀ ਬਣ ਗਿਆ । ਇਸ ਤਰਾਂ ਉਤਮ ਗੁਣ, ਸੇਵਾ ਅਤੇ ਉਪਕਾਰ ਦਾ ਸਦਕਾ ਸਿਖ ਧਰਮ ਵਿਚ ਹੋਰ ਵਾਧਾ ਹੋਣ ਲਗ ਪਿਆ ।

ਪਰ ਸ਼ੇਖ ਸਰਹੰਦੀ ਵਰਗੇ ਕਟੜ ਮੁਸਲਮਾਨ ਹੋਰ ਦੁਖੀ ਹੋ ਕੇ ਈਰਖਾ ਕਰਨ ਲਗ ਪਏ । ਉਹ ਹਰ ਉਸ ਮੌਕੇ ਦੀ ਤਲਾਸ਼ ਵਿਚ ਰਹਿੰਦੇ ਸਨ, ਜਿਸ ਨਾਲ ਸਿਖੀ ਨੂੰ ਨੁਕਸਾਨ ਪੁਜ ਸਕੇ । ਉਨ੍ਹਾਂ ਦਿਨਾਂ ਵਿਚ ਹੀ ਜਹਾਂਗੀਰ ਬਾਦਸ਼ਾਹ ਦੇ ਪੁੱਤਰ ਖੁਸਰੋ ਨੇ ਬਗ਼ਾਵਤ ਕਰ ਦਿਤੀ ਅਤੇ ਉਹ ਪੰਜਾਬ ਵਲ ਨਿਕਲ ਤੁਰਿਆ । ਜਹਾਂਗੀਰ ਵੀ ਸੈਨਾ ਲੈਕੇ ਉਸਦੇ

ਮਗਰ ਚੜ੍ਹ ਪਿਆ । ਰਸਤੇ ਵਿਚ ਜਿਥੇ ਵੀ ਉਸ ਨੂੰ ਖੁਸਰੋ ਦਾ ਹਮਾਇਤੀ ਜਾਂ ਮਦਦ ਦੇਣ ਵਾਲੇ ਦਾ ਪਤਾ ਲਗਦਾ ਉਹ ਉਨ੍ਹਾਂ ਨੂੰ ਉਥੇ ਹੀ ਫੜ, ਮੰਗਵਾ ਕੇ ਯੋਗ ਦੰਡ ਅਤੇ ਮੌਤ ਦੀਆਂ ਸਜ਼ਾਵਾਂ ਦੇਂਦਾ ਚਲਾ ਗਿਆ ।

ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਇਨ੍ਹਾਂ ਕੱਟੜ ਅਤੇ ਤੰਗ ਦਿਲ ਮੁਸਲਮਾਨਾਂ ਦੀ ਚੰਡਾਲ ਚੌਕੜੀ ਨੇ ਜਹਾਂਗੀਰ ਤਕ ਫਰਜ਼ੀ (ਝੂਠੀ) ਸ਼ਿਕਾਇਤ ਗੁਰੂ ਸਾਹਿਬ ਵਿਰੁਧ ਪਹੁੰਚਾਈ । ਉਸ ਵਿਚ ਲਿਖਿਆ ਗਿਆ ਕਿ ਗੋਇੰਦਵਾਲ ਵਿਚੋਂ ਦੀ ਜਾਂਦੇ ਹੋਏ ਬਾਗ਼ੀ ਖੁਸਰੋ ਨੂੰ ਗੁਰੂ ਸਾਹਿਬ ਨੇ ਆਸਰਾ ਦਿਤਾ ਤਾਂ ਜੁ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ । ਗੁਰੂ ਜੀ ਨੇ ਅਸ਼ੀਰਵਾਦ ਦੇਂਦਿਆਂ ਉਸਦੇ ਮਥੇ ਉਤੇ ਕੇਸਰ ਦਾ ਟਿੱਕਾ ਲਗਾਇਆ ਜੋ ਹਿੰਦੂਆਂ ਵਿਚ ਚੰਗਾ ਸ਼ਗਨ ਸਮਝਿਆ ਜਾਂਦਾ ਹੈ, ਆਦਿ ।

ਇਹ ਬਨਾਉਟੀ ਕਹਾਣੀ ਇਸ ਲਈ ਘੜੀ ਗਈ ਤਾਂ ਜੁ ਜਹਾਂਗੀਰ ਦੇ ਗੁਸੇ ਨੂੰ ਭੜਕਾ ਕੇ ਗੁਰੂ ਜੀ ਨੂੰ ਕਿਸੇ ਭੈੜੀ ਸਜ਼ਾ (ਦੰਡ) ਨਾਲ ਮਰਵਾਇਆ ਜਾਏ ਤਾਂ ਜੁ ਸਿਖੀ ਦੇ ਵਧਣ ਫੂਲਣ ਵਿਚ ਰੋਕ ਪਵੇ ਅਤੇ ਹੋਰ ਮੁਸਲਮਾਨ ਸਿਖ ਬਣਨ ਤੋਂ ਰੁਕ ਜਾਣ ।

## ਗੱਲ ਉਹੋ ਹੋਈ

ਜਹਾਂਗੀਰ ਨੇ ਇਨ੍ਹਾਂ ਕੱਟੜ ਮੁਸਲਮਾਨਾਂ ਦੀ ਗਲਤ ਅਤੇ ਝੂਠੀ ਸ਼ਿਕਾਇਤ ਉਤੇ, ਬਿਨਾਂ ਸੋਚ-ਵਿਚਾਰ ਕੀਤੇ ਅਤੇ ਬਗੈਰ ਪੁਛ ਪੜਤਾਲ ਕੀਤੇ ਹੀ ਉਸ ਨੇ ਗੁਰੂ ਜੀ ਨੂੰ

'ਯਾਸਾ-ਵ-ਸਿਆਸਤ' ਦੀ ਸਖਤ ਸਜ਼ਾ ਦੇ ਕੇ ਖਤਮ ਕਰਨ ਦਾ ਹੁਕਮ ਦੇ ਦਿਤਾ । ਹਾਲਾਂ ਕਿ ਸ਼ਿਕਾਇਤ ਤੋਂ ਕੇਵਲ-27 ਦਿਨ ਪਹਿਲੋਂ ਉਹ ਆਪ ਖੁਸਰੋ ਦਾ ਪਿਛਾ ਕਰਦਿਆਂ ਗੋਇੰਦਵਾਲ ਤੋਂ ਲੰਘਿਆ ਸੀ । ਲੰਘਿਆ ਹੀ ਨਹੀਂ ਸੀ, ਸਗੋਂ 12, 13 ਦਿਨ ਲਗਾਤਾਰ ਗੋਇੰਦਵਾਲ ਦੇ ਇਲਾਕੇ (ਮਾਝੇ) ਵਿਚ ਖੁਸਰੋ ਦਾ ਪਿੱਛਾ ਕਰਦਾ ਰਿਹਾ ਅਤੇ ਉਨ੍ਹਾਂ ਸਭ ਦੋਸ਼ੀਆਂ ਨੂੰ ਮੌਤ ਆਦਿ ਦਾ ਦੰਡ ਦੇਂਦਾ ਰਿਹਾ, ਜਿਨ੍ਹਾਂ ਉਤੇ ਖੁਸਰੋ ਦੀ ਮਦਦ ਕਰਨ ਦਾ ਸ਼ੱਕ ਸੀ । ਜਦ ਖੁਸਰੋ ਪਕੜਿਆ ਗਿਆ ਤਾਂ ਉਸ ਨੂੰ ਉਸ ਦੇ ਸਾਥੀਆਂ ਸਮੇਤ ਲਾਹੌਰ ਵਿਚ ਤਰ੍ਹਾਂ ਤਰ੍ਹਾਂ ਦੇ ਕਸ਼ਟ ਦੇ ਕੇ ਖ਼ਤਮ ਕੀਤਾ ਗਿਆ । ਇਸ ਤਰ੍ਹਾਂ ਰਹਿੰਦੇ ਖੂੰਹਦੇ ਦੋਸ਼ੀਆਂ ਦੀ ਕਹਾਣੀ ਲਾਹੌਰ 13, 14 ਦਿਨ ਰਹਿ ਕੇ ਉਸ ਨੇ ਖ਼ਤਮ ਕਰ ਦਿੱਤਾ । ਇਨ੍ਹਾਂ ਸਾਰੇ 27 ਦਿਨਾਂ ਵਿਚ ਕਿਸੇ ਪਾਸਿਓਂ ਵੀ ਬਾਦਸ਼ਾਹ ਕੋਲ ਖੁਸਰੋ ਦੀ ਗੁਰੂ ਸਾਹਿਬ ਨਾਲ ਮੇਲ ਦੀ ਜਾਂ ਮੱਦਦ ਦੀ ਸ਼ਿਕਾਇਤ ਨਹੀਂ ਸੀ ਪੁਜੀ ।

ਜੇ ਖੁਸਰੋ ਦਾ ਗੁਰੂ ਸਾਹਿਬ ਨਾਲ ਮੇਲ ਹੁੰਦਾ ਤਾਂ ਹੀ ਸ਼ਿਕਾਇਤ ਹੁੰਦੀ-ਜਦ ਮੇਲ ਹੋਇਆ ਹੀ ਨਹੀਂ ਤਾਂ ਸ਼ਿਕਾਇਤ ਕਿਸ ਤਰ੍ਹਾਂ ਹੁੰਦੀ ? ਉਸ ਸਮੇਂ ਦੀਆਂ ਲਿਖਤਾਂ ਤੋਂ ਚੰਗੀ ਤਰਾਂ ਸਿਧ ਹੋ ਚੁਕਾ ਹੈ ਕਿ ਉਸ ਸਮੇਂ ਗੁਰੂ ਸਾਹਿਬ ਗੋਇੰਦਵਾਲ ਵਿਚ ਹੀ ਨਹੀਂ ਸਨ.....ਖੈਰ ।

## ਕੇਸਰ ਦੇ ਟਿਕੇ ਦਾ ਭੁਲੇਖਾ

ਗੁਰੂ ਨਾਨਕ ਪਾਤਸ਼ਾਹ ਦਾ ਮੇਲ ਬਾਬਰ ਬਾਦਸ਼ਾਹ ਨਾਲ ਹੋਇਆ ਸੀ । ਬਾਬਰ ਦਾ ਪੁਤਰ ਹਿਮਾਯੂੰ ਬਾਦਸ਼ਾਹ, ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਗੁਰੂ ਅੰਗਦ ਸਾਹਿਬ ਨੂੰ ਮਿਲਿਆ ਸੀ ।

ਅਕਬਰ ਬਾਦਸ਼ਾਹ ਵੀ ਗੁਰੂ ਅਮਰਦਾਸ ਜੀ ਨੂੰ ਮਿਲਿਆ ਸੀ । ਪਰ ਕਿਸੇ ਵੀ ਇਤਿਹਾਸ ਵਿਚ ਇਹ ਜ਼ਿਕਰ (ਵਰਨਣ ਨਹੀਂ ਆਉਂਦਾ ਕਿ ਗੁਰੂ ਪਾਤਸ਼ਾਹ ਨੇ ਇਨ੍ਹਾਂ ਦੁਨਿਆਵ ਬਾਦਸ਼ਾਹਾਂ ਜਾਂ ਅਮੀਰ ਵਜ਼ੀਰਾਂ ਨੂੰ ਕਦੇ ਕੋਈ ਤਿਲਕ ਲਾਇਆ ਹੋਵੇ । ਸੋ ਇਨ੍ਹਾਂ ਇਤਿਹਾਸਕ ਸਚਾਈਆਂ ਦੇ ਅਧਾਰ ਤੇ ਖੁਸ ਨੂੰ ਤਿਲਕ ਲਗਾਉਣ ਦੀ ਗੱਲ ਵੀ ਬਿਲਕੁਲ ਗਲਤ ਅਤੇ ਬਨਾਉਟੀ ਹੈ ।

ਦੂਜੀ ਗੱਲ ਜਹਾਂਗੀਰ ਲਿਖਦਾ ਹੈ ਕਿ ਹਿੰਦੂ ਤਿਲਕ ਲਗਾਉਣ ਨੂੰ ਚੰਗਾ ਸਮਝਦੇ ਹਨ । ਪਰ ਗੁਰੂ ਨਾਨਕ ਪਾਤਸ਼ਾਹ ਲਿਖ ਗਏ ਹਨ :-

ਨਾ ਹਮ ਹਿੰਦੂ ਨਾ ਮੁਸਲਮਾਨ (ਪੰਨਾ 1136)

ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 654 ਉਤੇ ਲਿਖੇ ਹੇਠਲੇ ਸ਼ਬਦ ਤੋਂ ਹੋਰ ਸਪਸ਼ਟ ਹੈ ਕਿ ਗੁਰੂ ਸਾਹਿਬ ਆਪਣੇ ਆਪ ਨੂੰ ਨਾ ਹਿੰਦੂ ਮੰਨਦੇ ਹਨ, ਨਾਂਹ ਹੀ ਉਨ੍ਹਾਂ ਦੇ ਪੂਜਾ ਪਾਠ ਦੇ ਤਰੀਕਿਆਂ ਨੂੰ ਅਪਣਾਉਂਦੇ ਹਨ । ਜਿਵੇਂ :-

*ਬੁਤ ਪੂਜਿ ਪੂਜਿ ਹਿੰਦੂ ਮੂਏ,*
*ਤੁਰਕ ਮੂਏ ਸਿਰੁ ਨਾਈ ॥ (ਨਿਵਾ ਕੇ)*
*ਓਇ ਲੈ ਜਾਰੇ, ਓਇ ਲੇ ਗਾਡੇ,*
*ਤੇਰੀ ਗਤਿ ਦੁਹੂ ਨਾ ਪਾਈ ॥*

ਸੋ ਹਿੰਦੂਆਂ ਵਾਲਾ ਤਿਲਕ ਲਗਾਉਣ ਦਾ ਚੰਗਾ ਸ਼ਗਨ ਗੁਰੂ ਸਾਹਿਬ ਉਤੇ ਕਿਸ ਤਰ੍ਹਾਂ ਢੁਕਦਾ ਹੈ ? ਜਦ ਕਿ ਗੁਰੂ ਸਾਹਿਬ ਆਪਣੇ ਆਪ ਨੂੰ ਹਿੰਦੂ ਮੰਨਦੇ ਹੀ ਨਹੀਂ ।

ਗੁਰੂ ਜੀ ਦੇ ਸ਼ਹੀਦ ਹੋਣ ਮਗਰੋਂ ਜੋ ਚਿੱਠੀ ਸ਼ੇਖ ਅਹਿਮਦ ਸਰਹੰਦੀ ਨੇ ਆਪਣੇ ਮੁਖੀ ਚੇਲੇ, ਸ਼ੇਖ ਬੁਖਾਰੀ ਨੂੰ ਲਿਖੀ, ਉਸ ਵਿਚ ਜਿਥੇ ਉਸ ਦੀ ਬੇਹੱਦ ਖੁਸ਼ੀ ਦਾ ਪਤਾ ਲਗਦਾ ਹੈ ਉਥੇ 'ਤੁਜ਼ਕਿ ਜਹਾਂਗੀਰ' ਵਿਚ ਲਿਖੇ ਝੂਠ ਦਾ ਪੋਲ ਵੀ ਚੰਗੀ ਤਰ੍ਹਾਂ ਖੁਲ੍ਹ ਜਾਂਦਾ ਹੈ । ਇਹ ਚਿੱਠੀ ਨੰ: 193 'ਮਕਤੂ-ਬਾਤਿ-ਇਮਾਮ-ਰਬਾਨੀ' ਵਿਚ ਇਸ ਤਰ੍ਹਾਂ ਹੈ :–

ਗੋਇੰਦਵਾਲ ਦੇ ਭ੍ਰਿਸ਼ਟ ਇਸ ਕਾਫ਼ਰ (ਗੁਰੂ ਅਰਜਨ ਦੇਵ ਜੀ) ਦੀ ਸ਼ਹਾਦਤ ਸਾਡੀ ਇਕ ਬੜੀ ਵਡੀ ਪ੍ਰਾਪਤੀ ਅਤੇ ਜਿੱਤ ਹੈ । ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਭੀ ਇਕ ਵਡੀ ਤੇ ਜ਼ਲਾਲਤ ਭਰੀ ਹਾਰ ਹੋਈ ਹੈ । ਭਾਵੇਂ ਉਸ ਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਤੇ ਕਿਸੇ ਬਹਾਨੇ ਖਤਮ ਕੀਤਾ ਗਿਆ, ਇਸ ਨਾਲ ਸਮੂੰਹ ਕਾਫਰਾਂ ਦਾ ਭਾਰੀ ਨੁਕਸਾਨ ਅਤੇ ਸਮੂੰਹ ਮੁਸਲਮਾਨਾਂ ਲਈ ਇਹ ਬੜੇ ਫ਼ਾਇਦੇ ਅਤੇ ਵਾਧੇ ਦੀ ਘਟਨਾ ਹੈ, ਆਦਿ ।

ਇਸ ਤੋਂ ਸਪਸ਼ਟ ਹੋ ਜਾਂਦਾ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਾਉਣ ਵਿਚ ਸਭ ਤੋਂ ਵਡਾ ਹੱਥ (1) ਸ਼ੇਖ ਅਹਿਮਦ ਸਰਹੰਦੀ ਮੁਜਦੱਦ ਅਲਫਥਾਨੀ ਦਾ ਹੈ ਜਿਸ ਦੀ ਪ੍ਰੇਰਨਾ ਸਦਕਾ ਉਸ ਦਾ ਸੇਵਕ (2) ਸ਼ੇਖ ਫਰੀਦ ਬੁਖਾਰੀ ਆਪਣੇ ਹਮਾਇਤੀਆਂ ਨਾਲ (3) ਜਹਾਂਗੀਰ ਬਾਦਸ਼ਾਹ ਦੇ ਕੰਨ ਭਰਦਾ ਰਹਿੰਦਾ ਸੀ । ਅੰਤ ਉਸ ਤੋਂ ਯਾਸਾ-ਵਾ-ਸਿਆਸਤ ਦਾ ਦੰਡ ਦਿਵਾ ਕੇ ਸ਼ਹੀਦ ਕਰਵਾਇਆ ।

ਸਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਇਹ ਸ਼ੇਖ ਫਰੀਦ

ਬੁਖਾਰੀ ਉਹੋ ਆਦਮੀ ਹੈ ਜਿਸ ਨੇ ਜਹਾਂਗੀਰ ਨੂੰ ਬਾਦਸ਼ਾਹ ਬਣਾਉਣ ਵਿਚ ਅਤੇ ਉਸ ਦੇ ਰਾਜ ਨੂੰ ਕਾਇਮ ਰਖਣ ਵਿ ਬੜੀ ਮਦਦ ਕੀਤੀ ਸੀ । ਜਿਸ ਦੇ ਬਦਲੇ ਵਿਚ ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸਨੂੰ 'ਮੁਰਤਜਾ ਖ਼ਾਨ' ਦੀ ਉਪਾਧੀ ਬਖ਼ਸ਼ੀ ਤੇ ਲਾਹੌਰ ਦਾ ਕਿਲੇਦਾਰ (ਗਵਰਨਰ) ਬਣਾਇਆ ਸੀ । ਗੁਰੂ ਸਾਹਿਬ ਨੂੰ ਮੌਤ ਦਾ ਦੰਡ ਦੇ ਕੇ ਖ਼ਤਮ ਕਰਨ ਲਈ ਜਹਾਂਗੀਰ ਨੇ ਗੁਰੂ ਜੀ ਨੂੰ ਇਸੇ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਸੀ ।

ਸ਼ੇਖ ਅਹਿਮਦ ਸਰਹੰਦੀ, ਨਕਸ਼ਬੰਦੀ (ਮੁਸਲਮਾਨੀ) ਫਿਰਕੇ ਦਾ ਆਗੂ ਸੀ । ਇਸ ਦਾ ਮਜ਼ਾਰ ਗੁਰ: ਫਤਹਿਗੜ ਸਾਹਿਬ ਸਰਹਿੰਦ ਨੇੜੇ ਬਣਿਆ ਹੋਇਆ ਹੈ । ਇਸ ਫਿਰਕੇ ਨੂੰ ਤੁਰਾਨ ਵਿਚੋਂ ਖਵਾਜਾ ਮੁਹੰਮਦ ਬਾਕੀ-ਬਿਲਾ ਨੇ ਹਿੰਦੁਸਤਾਨ ਵਿਚ ਲਿਆਂਦਾ ਸੀ । (ਪਿਛੇ ਜਿਹੇ ਇਸ ਮਜਾਰ ਆਦਿ ਦੇ ਮੁਰੰਮਤ ਲਈ ਸਾਡੇ ਪੰਜਾਬ ਦੇ ਇਕ ਸਿਖ ਮੁਖ ਮੰਤਰੀ ਨੇ ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਕੀਤਾ ਸੀ) ।

## ਹੋਰ ਵਿਅਕਤੀਆਂ ਦੇ ਹੱਥ

ਗੁਰੂ ਮਹਾਰਾਜ ਦੀ ਸ਼ਹੀਦੀ ਅਤੇ ਸਿਖੀ ਲਹਿਰ ਦ ਵਿਰੋਧਤਾ ਕਰਨ ਦੀਆਂ ਐਸੀਆਂ ਕਮੀਨੀਆਂ ਹਰਕਤਾਂ ਕਰ ਵਿਚ ਜਿਥੇ ਉਪਰ ਲਿਖੇ ਤਿੰਨ ਮੁਸਲਮਾਨ ਵਿਅਕਤੀਆਂ ਦ ਹੱਥ ਹੈ, ਉਥੇ ਗੁਰੂ ਜੀ ਨੂੰ ਸ਼ਹੀਦ ਕਰਾਉਣ ਵਿਚ ਉਸ ਵੇ ਦੇ ਬ੍ਰਾਹਮਣਾਂ ਦਾ ਵੀ ਤਕੜਾ ਹੱਥ ਹੈ । ਇਨ੍ਹਾਂ ਲੋਕਾਂ ਨੇ ਜਾ ਪਾਤ, ਊਚ ਨੀਚ ਦੇ ਅਧਾਰ ਉਤੇ ਵਖ ਵਖ ਰਸਮਾਂ ਰਿਵਾ

ਦੇ ਬੋਝ ਲੋਕਾਂ ਉਪਰ ਪਾ ਕੇ, ਉਨ੍ਹਾਂ ਤੋਂ ਪੁੰਨ ਦਾਨ ਦਾ ਝਾਂਸਾ ਦੇ ਕੇ ਧਨ (ਦਾਨ) ਲੈਣ ਦਾ ਰਿਵਾਜ ਪਾਇਆ ਹੋਇਆ ਸੀ ਅਤੇ ਆਪ ਬਿਨਾਂ ਕਮਾਈ ਕੀਤਿਆਂ ਚੰਗਾ ਚੋਖਾ ਕਮਾ ਲੈਂਦੇ ਅਤੇ ਮੌਜਾਂ ਮਾਣਦੇ ਸਨ ।

ਇਨ੍ਹਾਂ ਬ੍ਰਾਹਮਣਾਂ ਨੇ ਮਨੁੱਖ ਦੇ ਜਨਮ ਸਮੇਂ, ਵਿਦਿਆ ਆਰੰਭ ਕਰਨ ਸਮੇਂ, ਵਿਆਹ ਸ਼ਾਦੀ ਅਥਵਾ ਮੌਤ ਸਮੇਂ ਵੀ ਐਸੇ ਐਸੇ ਸੰਸਕਾਰ ਚਾਲੂ ਕਰ ਦਿਤੇ ਸਨ ਜਿਸ ਨਾਲ ਇਨ੍ਹਾਂ ਨੂੰ ਹਰ ਸਮੇਂ ਖਾਣ-ਪੀਣ ਅਤੇ ਪਹਿਨਣ ਲਈ ਚੰਗਾ ਚੋਖਾ ਮਿਲ ਜਾਂਦਾ ਸੀ । ਬਿਨਾਂ ਮਿਹਨਤ ਮੁਸ਼ੱਕਤ ਦੇ ਇਨ੍ਹਾਂ ਦੇ ਪਰਵਾਰਾਂ ਦਾ ਹਲਵਾ ਮਾਂਡਾ ਤੁਰੀ ਜਾਂਦਾ ਸੀ । ਮਸਿਆ, ਸੰਗਰਾਂਦ, ਪੂਰਨਮਾਸ਼ੀ ਵਰਤ ਅਤੇ ਹੋਰ ਅਨੇਕ ਤਿੱਥਾਂ-ਤਿਉਹਾਰਾਂ ਦਾ ਸਮਾਜ ਉਤੇ ਇਤਨਾ ਸਖਤ ਜੂਲਾ ਇਨ੍ਹਾਂ ਲੋਕਾਂ ਨੇ ਪਾਇਆ ਹੋਇਆ ਸੀ ਜਿਸ ਤੋਂ ਨਿਕਲਣਾ ਬਹੁਤ ਹੀ ਮੁਸ਼ਕਲ ਸੀ ।

ਜੇ ਕਦੀ ਕਿਸੇ ਨੇ ਇਨ੍ਹਾਂ ਦੇ ਖਿਲਾਫ ਆਵਾਜ਼ ਉਠਾਈ ਜਾਂ ਇਨ੍ਹਾਂ ਦੇ ਪਾਏ ਹੋਏ ਭੁਲੇਖਿਆਂ ਵਿਰੁੱਧ ਇਨ੍ਹਾਂ ਦੇ ਪਾਖੰਡ ਜਾਲ ਵਿਚੋਂ ਲੋਕਾਂ ਨੂੰ ਕਢਣ ਦੀ ਕੋਸ਼ਿਸ਼ ਕੀਤੀ ਤਾਂ ਉਹ ਇਨ੍ਹਾਂ ਦੀ ਕ੍ਰੋਪੀ ਦਾ ਕਾਰਨ ਬਣਿਆ । ਬੁੱਧ ਧਰਮ ਜੋ ਇਨ੍ਹਾਂ ਦਾ ਵਿਰੋਧ ਕਰਦਾ ਸੀ, ਉਸ ਦਾ ਭਾਰਤ ਵਿਚੋਂ ਬੋਰੀਆ-ਬਿਸਤਰਾ ਹੀ ਗੋਲ ਹੋ ਗਿਆ ।

ਸਿਖ ਧਰਮ ਦੇ ਮੁਖੀਆਂ ਨੇ ਮੂਰਤੀ ਪੂਜਾ ਤੋਂ ਲੋਕਾਂ ਨੂੰ ਛੁਟਕਾਰਾ ਦਿਵਾਉਣ ਲਈ ਅਤੇ ਤੀਰਥਾਂ ਉਤੇ ਭਟਕਣ ਦੀ

ਥਾਂ ਇਕ ਰੱਬ ਦੇ ਸਹੀ ਸਰੂਪ ਦਾ ਪ੍ਰਚਾਰ ਐਸੀ ਦਲੀਲ ਨਾਲ ਕੀਤਾ ਅਤੇ ਲੋਕਾਂ ਨੂੰ ਸਮਝਾਇਆ ਕਿ ਰਬ ਨਾਲ ਪਿਆਰ ਦਾ ਮਤਲਬ ਰਬ ਦੇ ਬੰਦਿਆਂ ਨਾਲ ਪਿਆਰ ਕਰਨਾ ਹੈ । ਇਸ ਲਈ ਨੇਕ ਕਮਾਈ, ਲੋਕ ਸੇਵਾ ਦਾ ਜਜ਼ਬਾ ਉਜਾਗਰ ਕਰਨ ਤੇ ਬੜਾ ਚੰਗਾ ਅਸਰ ਪਿਆ ।

(2) ਰੱਬ ਦੀ ਪ੍ਰਾਪਤੀ ਦਾ ਸਾਧਨ ਦਸਦੇ ਹੋਏ ਸੇਵਾ ਤੇ ਉਪਕਾਰ ਦੇ ਕੰਮਾਂ ਵਿਚ ਜਦ ਗੁਰੂ ਸਾਹਿਬ ਆਪ ਅਗੇ ਹੋ ਕੇ ਪਹਿਲਾਂ ਨਿਤਰਦੇ ਲੋਕਾਂ ਨੇ ਦੇਖੇ ਤਾਂ ਧੜਾ ਧੜ ਸਿੱਖ ਧਰਮ ਅਪਨਾਉਣ ਲਗ ਪਏ ।

(3) ਹਿੰਦੂਆਂ ਵਿਚ ਜਾਤ-ਪਾਤ ਦੀ ਕਾਣੀ ਵੰਡ ਦੀ ਥਾਂ ਸਭ ਨੂੰ ਇਕੋ ਪੱਧਰ ਦਾ ਭਾਈ ਬਣਾ ਕੇ ਇਕੋ ਲਾਈਨ (ਪੰਗਤ) ਵਿਚ ਲੰਗਰ ਛਕਣ-ਛਕਾਉਣ ਅਤੇ ਇਕੋ ਸਰੋਵਰ ਵਿਚ ਇਸ਼ਨਾਨ ਕਰਨ ਦੀ ਲਹਿਰ ਨੇ ਤਾਂ ਕਮਾਲ ਹੀ ਕਰ ਦਿਤਾ ।

(4) ਸਿਖੀ ਦੇ ਇਹੋ ਜਿਹੇ ਸਰਲ ਸਾਦੇ ਅਸੂਲਾਂ ਨੂੰ ਵੇਖ ਕੇ ਜਦ ਲੋਕੀਂ ਦਿਨੋ ਦਿਨ ਸਿੱਖੀ ਦਾਇਰੇ ਵਿਚ ਆਉਣ ਲਗ ਪਏ ਤਾਂ ਇਨ੍ਹਾਂ ਬ੍ਰਾਹਮਣਾਂ ਦੀ ਛਾਤੀ ਉਪਰ ਸੱਪ ਲੇਟ ਗਿਆ । ਜਦ ਇਨ੍ਹਾਂ ਬ੍ਰਾਹਮਣਾਂ ਦੇ ਸ਼ਰਧਾਲੂਆਂ ਦੀ ਗਿਣਤੀ ਘਟਣ ਲੱਗ ਪਈ ਤਾਂ ਇਨ੍ਹਾਂ ਦੀ ਅੰਨ੍ਹੀ ਕਮਾਈ ਉਤੇ ਵੀ ਕਰਾਰੀ ਚੋਟ ਲਗੀ ਅਤੇ ਇਨ੍ਹਾਂ ਨੂੰ ਜਦ ਆਪਣਾ ਭਵਿੱਖ ਧੁੰਦਲਾ ਜਾਪਣ ਲਗਾ ਤਾਂ ਇਹ ਤਰਲੋ ਮੱਛੀ ਹੋ ਕੇ ਜਿਥੇ ਆਪਣੇ ਵਕਾਰ ਨੂੰ ਮੁੜ ਕਾਇਮ ਕਰਨ ਦਾ ਯਤਨ ਕਰਨ

ਗੇ ਉਤੇ ਸਿਖੀ ਦਾ ਵਿਰੋਧ ਕਰਨਾ ਇਨ੍ਹਾਂ ਲਈ ਜ਼ਰੂਰੀ ਹੋ ਗਿਆ ।

ਬ੍ਰਾਹਮਣ ਸਿਆਣਾ ਤਾਂ ਬੜਾ ਸੀ ਪਰ ਦਲੇਰ ਨਹੀਂ ਸੀ । ਜਿਸ ਕਰਕੇ ਸਾਹਮਣੇ ਵਿਰੋਧਤਾ ਨਹੀਂ ਸੀ ਕਰ ਸਕਦਾ । ਪਰ ਆਪਣੀ ਕਪਟ ਭਰੀ, ਦੂਰ ਦ੍ਰਿਸ਼ਟੀ ਨਾਲ ਕੁਚਾਲਾਂ (ਭੈੜੀਆਂ ਚਾਲਾਂ) ਚਲਦਾ ਰਿਹਾ । ਆਪ ਅਗੇ ਹੋਣ ਦੀ ਥਾਂ ਸਿਖ ਧਰਮ ਦੇ ਵਿਰੋਧੀ ਮੁਸਲਮਾਨਾਂ ਨਾਲ ਮਿਲਕੇ ਗੁਰੂ ਸਾਹਿਬ ਅਤੇ ਸਿਖਾਂ ਵਿਰੁਧ ਇਹ ਲੋਕ ਬਾਦਸ਼ਾਹ ਅਤੇ ਅਮੀਰ ਵਜ਼ੀਰਾਂ ਤਕ ਚੁਗਲੀਆਂ ਕਰਦੇ ਰਹਿੰਦੇ । ਇਤਿਹਾਸ ਵਿਚ ਇਨ੍ਹਾਂ ਦੀਆਂ ਚੁਗਲੀਆਂ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ ਜੋ ਇਨ੍ਹਾਂ ਨੇ ਵਜ਼ੀਰ ਮਹੇਸ਼ ਦਾਸ (ਬੀਰਬਲ) ਬ੍ਰਾਹਮਣ ਰਾਹੀਂ ਅਕਬਰ ਤਕ ਪਹੁੰਚਾਈਆਂ ।

ਗੁਰੂ ਅਮਰ ਦਾਸ ਜੀ ਵਿਰੁਧ ਦਾਤੂ ਜੀ ਨੂੰ ਚੁਕਣਾ ਅਤੇ ਉਸਦਾ ਗੁਰੂ ਜੀ ਦਾ ਨਿਰਾਦਰ ਕਰਨਾ ਗੁਰੂ ਅਰਜਨ ਸਾਹਿਬ ਵਿਰੁਧ ਪ੍ਰਿਥੀ ਚੰਦ ਨੂੰ ਭੜਕਾਉਣਾ ਅਤੇ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਰੁਧ ਪ੍ਰਚਾਰ ਕਰਨਾ ਕਿ ਇਸ ਵਿਚ ਪੁਰਾਤਨ ਹਿੰਦੂ ਰੀਤੀ ਅਤੇ ਮੁਸਲਮਾਨਾਂ ਵਿਰੁਧ ਲਿਖਿਆ ਹੋਇਆ ਹੈ, ਕਹਿਕੇ ਸਰਕਾਰੀ ਛੋਟੇ ਵਡੇ ਕਰਮਚਾਰੀਆਂ ਨੂੰ ਗੁਰੂ ਘਰ ਵਿਰੁਧ ਉਕਸਾਈ ਰਖਣ ਦੇ ਅਨੇਕਾਂ ਸਬੂਤ ਇਤਿਹਾਸ ਵਿਚ ਇਨ੍ਹਾਂ ਬ੍ਰਾਹਮਣਾਂ ਵਿਰੁਧ ਮਿਲਦੇ ਹਨ । ਸੋ ਗੁਰੂ ਜੀ ਨੂੰ ਸ਼ਹੀਦ ਕਰਾਉਣ ਦਾ ਹੱਥ ਦੂਜੇ ਨੰਬਰ ਤੇ ਇਨ੍ਹਾਂ ਬ੍ਰਾਹਮਣਾਂ ਦੀ ਵੀ ਹੈ ।

ਇਸ ਦੇ ਮਗਰੋਂ ਚੰਦੂ ਸ਼ਾਹ, ਪ੍ਰਿਥੀ ਚੰਦ, ਸਖੀ-ਸਰਵਰੀਏ ਆਦਿ ਕੁਝਕੁ ਸੁਆਰਥੀ ਲੋਕਾਂ ਦਾ ਨੰਬਰ ਆਉਂਦਾ ਹੈ ਜਿਨ੍ਹਾਂ ਨੂੰ ਗੁਰੂ ਦੇ ਹੁੰਦਿਆਂ ਆਪਣਾ ਮਸਲਾ ਹੱਲ ਹੁੰਦਾ ਨਹੀਂ ਸੀ ਦਿਸਦਾ। ਜਿਸ ਕਰਕੇ ਸਮੇਂ ਸਮੇਂ ਸਿਰ ਇਹ ਲੋਕ ਵੀ ਕਈ ਵਾਰ ਘਟੀਆ ਅਤੇ ਕਮੀਨੀਆਂ ਹਰਕਤਾਂ ਕਰਦੇ ਰਹਿੰਦੇ ਸਨ ਤੇ ਝੂਠੀਆਂ ਚੁਗਲੀਆਂ ਬਾਦਸ਼ਾਹ ਤਕ ਪਹੁੰਚਾਉਂਦੇ ਰਹਿੰਦੇ ਸਨ।

## ਦੁਖ ਦੀ ਗੱਲ

ਪਰ ਦੁਖ ਦੀ ਗਲ ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਮਹਾਰਾਜ ਨੂੰ ਸ਼ਹੀਦ ਹੋਇਆ ਪੌਣੇ ਚਾਰ ਸੌ ਸਾਲ ਹੋ ਚੁਕੇ ਹਨ। ਪਰ ਸਾਨੂੰ ਸਿਖ ਅਖਵਾਉਣ ਵਾਲਿਆਂ ਨੂੰ ਹੀ ਗੁਰੂ ਮਹਾਰਾਜ ਜੀ ਦੀ ਸ਼ਹੀਦੀ ਦੇ ਅਸਲ ਕਾਰਨ ਦਾ ਪਤਾ ਹੀ ਨਹੀਂ ਲਗ ਸਕਿਆ।

ਅਜ ਤਕ ਸਾਨੂੰ ਵਡਾ ਦੋਸ਼ੀ ਚੰਦੂ ਹੀ ਦਸਿਆ ਜਾਂਦਾ ਰਿਹਾ, ਜਿਸਦੀ ਲੜਕੀ ਸਦਾ ਕੌਰ ਦਾ ਰਿਸ਼ਤਾ ਗੁਰੂ ਸਾਹਿਬ ਨੇ ਆਪਣੇ ਸਪੁਤਰ (ਗੁਰੂ) ਹਰਿ ਗੋਬਿੰਦ ਸਾਹਿਬ ਲਈ ਲੈਣਾ ਪ੍ਰਵਾਨ ਨਹੀਂ ਸੀ ਕੀਤਾ।

ਜਾਂ ਫਿਰ ਹੁਣ ਕਿਧਰੇ ਕਿਧਰੇ ਕੁਝ ਕੁ ਸਾਲਾਂ ਤੋਂ "ਤੁਜ਼ਕਿ-ਜਹਾਂਗੀਰ" ਦੇ ਹਵਾਲੇ ਦਿਤੇ ਜਾਣ ਲਗ ਪਏ ਹਨ। ਪਰ ਅਸਲ ਦੇ ਮੂਲ ਕਾਰਨ ਜਾਂ ਵਿਰੋਧਤਾ ਦੇ ਮੋਢੀ

ਸ਼ੇਖ ਸਰਹੰਦੀ ਅਤੇ ਉਸ ਦੇ ਚੇਲਿਆਂ ਦਾ ਹਾਲਾਂ ਤਕ ਸਾਡੀ ਸਿਖ ਜਨਤਾ ਵਿਚੋਂ ਇਕ ਪ੍ਰਤੀਸ਼ਤ ਲੋਕਾਂ ਨੂੰ ਵੀ ਨਹੀਂ ਪਤਾ । ਕਿਤਨੇ ਭਾਰੀ ਦੁਖ ਦੀ ਗੱਲ ਹੈ ਕਿ ਸਾਡੇ ਗੁਰੂ ਦੀ ਸ਼ਹੀਦੀ ਦੇ ਕਾਰਨ ਵੀ ਸਾਨੂੰ ਪਤਾ ਨਾ ਹੋਣ ।

## ਹੋਰ ਦੇਖੋ ਜ਼ੁਲਮ ਦੀ ਗੱਲ

ਸਾਡੇ ਪ੍ਰਚਾਰਕ ਤੇ ਕਈ ਲਿਖਾਰੀ ਬਿਨਾਂ ਚੰਗੀ ਖੋਜ ਕੀਤੇ, ਕੇਵਲ ਸੁਣੀ ਸੁਣਾਈ ਜਾਂ ਊਟ ਪਟਾਂਗ ਲਿਖਾਰੀਆਂ ਦੇ ਲਿਖੇ ਲੇਖ ਪੜ੍ਹ ਕੇ ਕਹਿੰਦੇ (ਸੁਣਦੇ) ਹਨ ਕਿ ਮਹਾਰਾਜ ਨੂੰ ਤੱਤੀ ਤਵੀ ਅਤੇ ਦੇਗ ਵਿਚ ਉਬਾਲਣ ਮਗਰੋਂ ਜਦ ਗਾਂ ਦੀ ਖਲ (ਚਮੜੀ) ਵਿਚ ਸਿਉਣ ਦਾ ਪ੍ਰੋਗਰਾਮ ਬਣਾਇਆ ਜਾ ਰਿਹਾ ਸੀ (ਕਿਉਂਕਿ ਗੁਰੂ ਸਾਹਿਬ ਉਨ੍ਹਾਂ ਦੀਆਂ ਗੱਲਾਂ ਨਹੀਂ ਸਨ ਮੰਨਦੇ) ਤਾਂ ਗੁਰੂ ਜੀ ਨੇ ਦਰਿਆ ਵਿਚ ਇਸ਼ਨਾਨ ਕਰਨ ਦਾ ਵਿਚਾਰ ਪ੍ਰਗਟ ਕੀਤਾ ਜੋ ਝਟ ਪ੍ਰਵਾਨ ਇਸ ਲਈ ਕੀਤਾ ਗਿਆ ਕਿ ਸਰੀਰ ਦੇ ਫੂਲੇ ਹੋਏ ਛਾਲਿਆਂ ਉਤੇ ਠੰਡਾ ਪਾਣੀ, ਲਹੂ ਉਤੇ ਲੂਣ ਛਿੜਕਨ ਦਾ ਕੰਮ ਕਰੇਗਾ ਅਤੇ ਜਦ ਗੁਰੂ ਜੀ ਨੇ ਦਰਿਆ ਵਿਚ ਨਹਾਉਣ ਲਈ ਡੁਬਕੀ ਲਾਈ ਤਾਂ ਉਥੇ ਹੀ ਅਲੋਪ ਹੋ ਗਏ- ਭਾਵ ਜੋਤੀ ਜੋਤ ਸਮਾਂ ਗਏ । ਦੂਜੇ ਸ਼ਬਦਾਂ ਵਿਚ ਗੁਰੂ ਜੀ ਨੇ ਆਤਮਘਾਤ ਕਰ ਲਿਆ ।

ਕਿਤਨਾ ਅਨਰਥ ਹੋ ਰਿਹਾ ਹੈ ਸਾਡੀਆਂ ਸਟੇਜਾਂ ਉਤੇ ? ਸਾਨੂੰ ਗਲਤ ਅਤੇ ਗੁਰਮਤਿ ਵਿਰੁਧ ਪ੍ਰਚਾਰ ਸੁਣਾ ਕੇ ਇਸ ਮਹਾਨ ਸ਼ਹੀਦ ਦੀ ਨਿਰਾਦਰੀ ਕੀਤੀ ਜਾ ਰਹੀ ਹੈ । ਪਰ ਅਸੀਂ ਮਾਇਆ ਅਤੇ ਅਗਿਆਨਤਾ ਦੀ ਡੂੰਘੀ ਨੀਂਦ ਵਿਚ ਐਸੇ

ਮਸਤ ਹਾਂ ਕਿ ਸਾਡਾ ਇਸ ਪਾਸੇ ਧਿਆਨ ਹੀ ਨਹੀਂ ।

ਇਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਗੁਰੂ ਮਹਾਰਾਜ ਨੇ ਮਹਾਨ ਕਸ਼ਟ ਝਲ ਕੇ 'ਤੇਰਾ ਕੀਆ ਮੀਠਾ ਲਾਗੇ' ਦਾ ਪ੍ਰਤੱਖ ਸਬੂਤ ਦਿੱਤਾ ਹੈ । ਦੂਜੇ ਪਾਸੇ ਕਿਹਾ ਜਾਂਦਾ ਹੈ ਕਿ ਗਊ ਦੀ (ਚੰਮੜੀ) ਖਲ ਵਿਚ ਮੜ੍ਹੇ ਜਾਣ ਦੇ ਦੁਖ ਨੂੰ ਸੁਣ ਕੇ ਗੁਰੂ ਜੀ ਨੇ ਦਰਿਆ ਵਿਚ ਡੁਬ ਕੇ ਜਾਨ ਦੇ ਦਿਤੀ । ਭਾਵ ਆਤਮ ਹਤਿਆ ਕਰ ਲਈ, ਜਦ ਕਿ ਗੁਰਮਤਿ ਵਿਚ ਆਤਮ ਹਤਿਆ ਕਰਨੀ ਮਹਾਨ ਪਾਪ ਹੈ ।

ਦਸੋ ! ਕੀ ਇਹ ਗੁਰੂ ਮਹਾਰਾਜ ਦੀ ਮਹਾਨ ਸ਼ਹੀਦੀ ਦੀ ਉਸਤਤਿ ਹੈ ਜਾਂ ਕਿ ਨਿਰਾਦਰੀ ?

## ਸੰਖੇਪ

1. ਗੁਰੂ ਅਰਜਨ ਦੇਵ ਜੀ ਸ਼ਹੀਦੀ ਦੀ ਇਹ ਵਾਰਤਾ ਭਾ: ਕੇਸਰ ਸਿੰਘ ਜੀ ਛਿੱਬਰ ਦੀ ਲਿਖਤ ਦੇ ਅਧਾਰਤ ਹੈ ।

2. ਭਾ: ਕੇਸਰ ਸਿੰਘ ਜੀ ਭਾਈ ਮਤੀ ਦਾਸ ਜੀ (ਸ਼ਹੀਦ) ਦੇ ਦੋਹਤੇ ਸਨ ਅਤੇ ਭਾਈ ਮਤੀ ਦਾਸ ਜੀ ਅਗੋਂ ਭਾ: ਧਰਮ ਚੰਦ ਦੇ ਦੋਹਤੇ ਸਨ ਜੋ ਗੁਰੂ ਹਰ ਕ੍ਰਿਸ਼ਨ ਸਾਹਿਬ ਦੇ ਦੀਵਾਨ ਸਨ । ਇਨਾਂ ਦੀ ਲਿਖੀ ਬੰਸਾਵਲੀ ਦੇ ਆਧਾਰ ਤੇ ਹੀ ਭਾ: ਕੇਸਰ ਸਿੰਘ ਨੇ ਗੁਰੂ ਮਹਾਰਾਜ ਦੀ ਸ਼ਹੀਦੀ ਵਾਰਤਾ ਲਿਖੀ ।

3. ਗੁਰੂ ਸਾਹਿਬ ਨੂੰ ਸ਼ਹੀਦ ਕਰਵਾਉਣ ਵਿਚ ਸਭ ਤੋਂ ਵਧ ਹਥ ਸ਼ੇਖ ਅਹਿਮਦ ਸਰਹਿੰਦੀ ਦਾ ਸੀ ਜੋ ਨਕਸ਼ਬੰਦੀ ਫਿਰਕੇ ਦਾ ਆਗੂ ਸੀ ।

4. ਇਸ ਦਾ ਚੇਲਾ ਸ਼ੇਖ ਬੁਖਾਰੀ, ਅਕਬਰ ਦਾ ਇਕ ਦਰਬਾਰੀ ਸੀ ਜਿਸ ਦੀ ਮਿਲਵਰਤਨ ਨਾਲ ਹੀ ਜਹਾਂਗੀਰ ਨੂੰ ਰਾਜ ਪ੍ਰਾਪਤ ਹੋਇਆ ।

5. ਸ਼ੇਖ ਬੁਖਾਰੀ ਦੀ ਸੇਵਾ ਉਤੇ ਖੁਸ਼ ਹੋ ਕੇ ਜਹਾਂਗੀਰ ਨੇ ਇਸ ਨੂੰ 'ਮੁਰਤਜ਼ਾ ਖਾਂ' ਦੀ ਉਪਾਧੀ ਬਖਸ਼ੀ ਅਤੇ ਲਾਹੌਰ ਦੀ ਗਵਰਨਰੀ ਦਿਤੀ ।

6. ਇਹ ਮੁਰਤਜ਼ਾ ਖਾਨ ਆਪਣੇ ਧਾਰਮਕ ਆਗੂ ਸ਼ੇਖ ਸਰਹਿੰਦੀ ਦੇ ਪ੍ਰਭਾਵ ਹੇਠ ਗੁਰੂ ਜੀ ਵਿਰੁਧ ਝੂਠੀਆਂ ਚੁਲੀਆਂ ਤੇ ਸ਼ਿਕਾਇਤਾਂ ਕਰਦਾ ਰਹਿੰਦਾ ਸੀ ਜਿਸ ਆਧਾਰ ਤੇ ਹੀ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਵਾ-ਸਿਆਸਤ ਦਾ ਦੰਡ ਦੇ ਕੇ ਖਤਮ ਕਰਨ ਦਾ ਹੁਕਮ ਦਿਤ ਅਤੇ ਗੁਰੂ ਜੀ ਨੇ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ । ਗੁਰੂ ਜੀ ਨੂੰ ਸ਼ਹੀਦ ਕਰਵਾਉਣ ਵਿਚ ਇਨ੍ਹਾਂ ਉਪਰ ਦਿਤੇ ਤਿੰਨ ਵਿਅਕਤੀਆਂ ਤੋਂ ਇਲਾਵਾ ਸਭ ਤੋਂ ਵਡਾ ਹਿਸਾ ਬ੍ਰਾਹਮਣਾਂ ਦਾ ਹੈ ਜਿਨਾਂ ਨੂੰ ਸਿਖੀ ਦੇ ਵਧਣ ਫੂਲਣ ਨਾਲ ਉਨ੍ਹਾਂ ਦੀ ਸਿਖੀ ਸੇਵਕੀ ਅਤੇ ਆਮਦਨ ਵਿਚ ਪੈ ਰਿਹਾ ਘਾਟਾ ਸਾਹਮਣੇ ਦਿਸਦਾ ਸੀ । ਇਸ ਤੋਂ ਮਗਰੋਂ ਚੰਦੂ ਸ਼ਾਹ ਪ੍ਰਿਥੀ ਚੰਦ ਅਤੇ ਹੋਰਨਾਂ ਦਾ ਨਾਂ ਆਉਂਦਾ ਹੈ ।

7. ਗੁਰੂ ਸਾਹਿਬ ਨੂੰ ਅਨੇਕਾਂ ਦੁਖ ਤੇ ਤਸੀਹੇ ਦੇ ਕੇ ਜਦ 'ਸੰਗ ਸਾਰ' ਕਰਦਿਆਂ ਗੁਰੂ ਜੀ ਦੇ ਸਰੀਰ ਵਿਚੋਂ ਖੂਨ ਵਗਣ ਲਗ ਪਿਆ । ਜਿਸ ਨਾਲ ਬਾਦਸ਼ਾਹ ਦੇ ਹੁਕਮ ਅਦੂਲੀ ਸੀ । ਇਸ ਡੈ ਦੇ ਕਾਰਨ ਹੀ ਉਨ੍ਹਾਂ ਨੂੰ ਦਰਿਆ ਵਿਚ ਰੋੜ੍ਹ ਦਿਤਾ ਗਿਆ ।

## ਦਰਅਸਲ ਗੱਲ ਇਹ ਹੈ

ਸਾਨੂੰ ਆਮ ਲੋਕਾਂ ਨੂੰ ਆਪ ਪੜ੍ਹਨ ਪੜ੍ਹਾਉਣ ਦੀ ਵਿਹਲ ਨਹੀਂ । ਸਾਡਾ ਧਿਆਨ ਜ਼ਿਆਦਾ ਤਰ ਦੁਨਿਆਵੀ ਪਦਾਰਥਾਂ ਵਲ ਹੀ ਰਹਿੰਦਾ ਹੈ । ਦੂਸਰਾ ਸਾਡੇ ਗੁਰਦੁਆਰਿਆਂ ਦੇ ਸਾਰੇ ਤਾਂ ਨਹੀਂ ਕਹਿ ਸਕਦੇ ਪਰ ਬਹੁਤੇ ਪ੍ਰਬੰਧਕ ਚੌਧਰ ਦੇ ਹੀ ਭੁਖੇ ਹੁੰਦੇ ਹੁਨ, ਜਿਨ੍ਹਾਂ ਦਾ ਇਸ ਪਾਸੇ ਵਲ ਧਿਆਨ ਬਿਲਕੁਲ ਨਹੀਂ ਹੁੰਦਾ । ਉਨ੍ਹਾਂ ਨੂੰ ਵਿਦਵਾਨ ਅਤੇ ਸੂਝਵਾਨ ਪ੍ਰਚਾਰਕਾਂ ਬਾਰੇ ਪਤਾ ਹੀ ਨਹੀਂ ਹੁੰਦਾ ਜਾਂ ਫਿਰ ਉਨ੍ਹਾਂ ਨੂੰ ਇਤਨੀ ਸੋਝੀ ਹੀ ਨਹੀਂ ਤਾਂ ਜੁ ਉਹ ਸਟੇਜ ਉਤੇ ਆ ਕੇ ਗੁਰਮਤਿ ਨੂੰ ਮਨਮਤ ਤੋਂ ਨਿਖੇੜਨ ਲਈ ਆਪ ਸਪਸ਼ਟੀ ਕਰਨ ਦੇਣ ਜਾਂ ਪ੍ਰਚਾਰਕਾਂ ਤੋਂ ਦਿਵਾਉਣ । ਇਹੋ ਕਾਰਨ ਹੈ ਕਿ ਕੌਮ ਨੂੰ ਆਪਣੇ ਮਹਾਨ ਵਿਰਸੇ ਸੰਬੰਧੀ ਸਹੀ ਜਾਣਕਾਰੀ ਹੀ ਨਹੀਂ ਮਿਲ ਰਹੀ । ਸਾਨੂੰ ਇਹ ਵੀ ਨਹੀਂ ਪਤਾ ਕਿ ਕਿਸ ਤਰ੍ਹਾਂ ਗੁਆਂਢੀ ਚਲਾਕ ਲੋਕਾਂ ਨੇ ਸਾਡੇ ਮਹਾਨ ਇਤਿਹਾਸ ਵਿਚ 'ਦੁਧ ਵਿਚ ਕਾਂਜੀ ਮਿਲਾ ਦਿਤੀ ਹੈ'। ਗੁਰਮਤਿ ਵਿਚ ਮਨਮਤਿ ਨੂੰ ਐਸੇ ਤਰੀਕੇ ਨਾਲ ਘਸੋੜ ਦਿਤਾ ਹੈ ਕਿ ਹੁਣ ਨਿਖੇੜਨਾ ਹੀ ਮੁਸ਼ਕਲ ਹੋ ਰਿਹਾ ਹੈ । ਕੋਈ ਹੰਸ ਹੀ ਬਣੇ ਤਾਂ ਹੀ ਦੁੱਧ ਤੇ ਪਾਣੀ ਦਾ ਨਿਖੇੜ ਹੋ ਸਕੇ ।

ਸਾਡੇ ਵਿਚ ਧਰਮ ਪ੍ਰਚਾਰ ਦੀ ਬੜੀ ਵੱਡੀ ਘਾਟ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ

ਬਾਜ਼ਾਰ ਵਿਚੋਂ ਗੀਤਾ ਤਾਂ 50 ਪੈਸਿਆਂ ਦੀ ਮਿਲ ਸਕਦੀ ਹੈ, ਈਸਾਈਆਂ ਦੀ ਧਾਰਮਕ ਪੁਸਤਕ 'ਬਾਈਬਲ' ਤਾਂ ਮੁਫਤ ਫ਼੍ਰੀ ਮਿਲ ਸਕਦੀ ਹੈ ਪਰ ਸਾਡਾ ਨਿਤਨੇਮ ਦਾ ਗੁਟਕਾ ਜੋ ਕਿ ਸ਼੍ਰੋਮਣੀ ਕਮੇਟੀ ਨੇ ਜਾਂ ਸਿਖ ਮਿਸ਼ਨਰੀ ਵਾਲਿਆਂ ਨੇ ਛਾਪਿਆ ਹੈ ਉਹ ਦਸ ਬਾਰ੍ਹਾਂ ਰੁਪੇ ਤੋਂ ਘਟ ਨਹੀਂ ਮਿਲਦਾ ਅਤੇ ਉਹ ਵੀ ਹਰ ਸ਼ਹਿਰ ਜਾਂ ਨਗਰ ਵਿਚ ਨਹੀਂ ਮਿਲ ਸਕਦਾ।

ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕ ਜਾਂ ਹੋਰ ਧਾਰਮਕ ਸਭਾ-ਸੁਸਾਇਟੀਆਂ, ਜੇ ਹੋਰ ਨਹੀਂ ਤਾਂ ਗੁਰਪੁਰਬਾਂ ਉਤੇ ਹੀ ਇਹ ਗੁਟਕੇ ਤੇ ਹੋਰ ਪ੍ਰਮਾਣੀਕ ਧਾਰਮਕ ਲਿਟਰੇਚਰ ਸਸਤੇ ਮੁੱਲ ਉਤੇ ਸੰਗਤਾਂ ਨੂੰ ਦੇਣ ਦਾ ਉਪਰਾਲਾ ਕਰ ਸਕਣ ਤਾਂ ਕੌਮ ਦੀ ਬੜੀ ਵੱਡੀ ਸੇਵਾ ਹੋ ਸਕਦੀ ਹੈ ਅਤੇ ਸੰਗਤਾਂ ਨੂੰ ਗੁਰਮਤਿ ਦੀ ਸਹੀ ਜਾਣਕਾਰੀ ਸਹਿਜੇ ਹੀ ਮਿਲ ਸਕਦੀ ਹੈ।

## ਗੁਰਬਾਣੀ

ਗੁਰਬਾਣੀ, ਗੁਰੂ ਦੇ ਉਪਦੇਸ਼ ਹਨ ਜਿਨ੍ਹਾਂ ਨੂੰ ਸਮਝਣ ਲਈ ਗੁਰਬਾਣੀ ਦੇ ਸਟੀਕਾਂ ਦੀ ਸਹਾਇਤਾ ਵੀ ਲੈਣੀ ਪੈਂਦੀ ਹੈ।

ਕਈਆਂ ਨੂੰ ਗੁਰਮਤਿ ਨੂੰ ਸਮਝਣ ਅਤੇ ਸ਼ੁਧ ਪਾਠ ਕਰਨ ਅਤੇ ਅਰਥ ਭਾਵਾਂ ਨੂੰ ਸਮਝਣ ਦੀ ਵੀ ਲਾਲਸਾ ਹੁੰਦੀ ਹੈ ਪਰ ਸੋਝੀਵਾਨ ਵਿਦਵਾਨ ਲਿਖਾਰੀਆਂ ਅਤੇ ਟੀਕਾਕਾਰਾਂ ਬਾਰੇ ਜਾਣਕਾਰੀ ਨਾ ਹੋਣ ਕਾਰਨ ਚੰਗੇ ਸਟੀਕ ਆਦਿ ਖ਼ਰੀਦ ਹੀ

ਨਹੀਂ ਸਕਦੇ । ਜੇ ਕੋਈ ਖਰੀਦਣਾ ਵੀ ਚਾਹੇ ਤਾਂ ਉਹ ਮਹਿੰਗੇ ਹਨ ਅਤੇ ਹਰ ਥਾਂ ਮਿਲਦੇ ਵੀ ਨਹੀਂ ।

## ਇਸ ਲਈ ਜ਼ਰੂਰੀ ਹੈ

ਕਿ ਘਟੋ ਘੱਟ ਗੁਰਪੁਰਬਾਂ ਉਤੇ ਹੀ ਜਿਥੇ ਲਖਾਂ ਰੁਪਏ ਖਰਚ ਕੇ ਲੰਗਰ ਅਤੇ ਠੰਡੇ ਮਿਠੇ ਪਾਣੀ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ, ਉਥੇ ਦੂਰ ਨੇੜੇ ਪਿੰਡਾਂ ਸ਼ਹਿਰਾਂ ਵਿਚ ਧਾਰਮਕ ਲਿਟਰੇਚਰ ਦੇ ਰੂਪ ਵਿਚ ਵੀ ਗੁਰੂ ਕਾ ਲੰਗਰ, ਗੁਰੂ ਦੀ ਬਾਣੀ ਦੇ ਸਟੀਕ, ਠੰਡੇ ਮਿਠੇ ਪਾਣੀ ਦੀ ਛਬੀਲ ਦੇ ਰੂਪ ਵਿਚ ਲਗਾ ਕੇ ਗੁਰੂ ਦਾ ਸੁਨੇਹਾ, ਗੁਰੂ ਦਾ ਉਪਦੇਸ਼, ਗੁਰੂ ਦੀ ਸ਼ਹੀਦੀ ਦੀ ਠੀਕ ਵਾਰਤਾ ਪ੍ਰਾਣੀ ਮਾਤਰ ਤਕ ਪਹੁੰਚਾਉਣ ਦਾ ਉਪਕਾਰ ਕੀਤਾ ਜਾਏ । ਇਹ ਬੜੀ ਵੱਡੀ ਸੇਵਾ ਹੋਵੇਗੀ ਅਤੇ ਸੰਗਤਾਂ ਨੂੰ ਸਹੀ ਇਤਿਹਾਸ ਦਾ ਪਤਾ ਲਗੇਗਾ ।

ਗੁਰਮਤਿ ਪ੍ਰਚਾਰ ਸਭਾ ਦੇ ਸੇਵਕਾਂ ਨੂੰ ਗੁਰੂ ਕਿਰਪਾ ਨਾਲ ਸਭ ਤੋਂ ਸੌਖਾ, ਤੇ ਸਭ ਤੋਂ ਸਸਤਾ ਢੰਗ ਇਹੋ ਪ੍ਰਤੀਤ ਹੋਇਆ ਹੈ ਕਿ ਸਭ ਦੀ ਸਮਝ ਆ ਜਾਣ ਵਾਲੀ ਬੋਲੀ ਵਿਚ ਸਿਖ ਧਰਮ ਦੇ ਮੁਢਲੇ ਜ਼ਰੂਰੀ ਸਿਧਾਤਾਂ ਨੂੰ, ਵੱਖ ਵੱਖ ਤਰੀਕਿਆਂ ਨਾਲ ਹਰ ਮਹੀਨੇ ਦੋ ਵਾਰ ਟ੍ਰੈਕਟ ਛਪਵਾ ਕੇ ਵੰਡਣ-ਵੰਡਾਉਣ ਦਾ ਉਪਰਾਲਾ ਕੀਤਾ ਜਾਵੇ ਪਿਛਲੇ ਕਈ ਸਾਲ ਤੋਂ ਚਲਿਆ ਆ ਰਿਹਾ ਹੈ ।

• • • • • • •